# ਸ਼ਹੀਦੀ ਸਾਕੇ ਤੋਂ ਬਾਅਦ ਦਾ ਇਤਿਹਾਸ (ਭਾਗ-1)

ਪਿਛਲੇ ਦਿਨੀਂ ਅਸੀਂ ਤੁਹਾਡੇ ਨਾਲ **'ਨਿੱਕੀਆਂ ਜ਼ਿੰਦਾਂ ਵੱਡਾ ਸਾਕਾ'** ਦਾ ਇਤਿਹਾਸ ਸਾਂਝਾ ਕੀਤਾ ਸੀ।

ਇਹ ਗੌਰਵਮਈ ਸ਼ਹੀਦੀ ਇਤਿਹਾਸ ਅਸਲ ਵਿੱਚ ਗੁਰੂ ਜੀ ਦਾ ਆਪਣਾ ਹੀ ਕੌਤਕ ਸੀ।

ਸਿੱਖੀ ਦੇ ਸ਼ਾਨਦਾਰ ਮਹਿਲ ਦੀ ਉਸਾਰੀ ਲਈ ਮਜ਼ਬੂਤ ਨੀਂਹਾਂ ਭਰਨ ਦਾ ਕੰਮ ਜਿਸ ਢੰਗ ਨਾਲ ਗੁਰੂ ਜੀ ਨੇ ਆਪਣੇ ਪਿਤਾ ਜੀ, ਮਾਤਾ ਜੀ, ਸਾਹਿਬਜ਼ਾਦਿਆਂ ਅਤੇ ਹਜ਼ਾਰਾਂ ਸਿੰਘਾਂ ਦੀ ਅਨੋਖੀ ਕੁਰਬਾਨੀ ਨਾਲ ਕੀਤਾ, ਇਸ ਬੁਨਿਆਦ ਦੀਆਂ ਧੁੰਮਾਂ ਰਹਿੰਦੀ ਦੁਨੀਆ ਤੱਕ ਪੈਣਗੀਆਂ।

ਇੱਕ ਅੰਗਰੇਜ਼ ਲਿਖਾਰੀ ਲਿਖਦਾ ਹੈ ਕਿ **ਜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇੰਗਲੈਂਡ ਵਿੱਚ ਪੈਦਾ ਹੋਏ ਹੁੰਦੇ ਤਾਂ ਅੱਜ ਸਮੁੱਚੇ ਵਿਸ਼ਵ ਨੇ ਗੁਰੂ ਜੀ ਦਾ ਸਿੱਖ ਹੋਣਾ ਸੀ।** ਉਸ ਅੰਗਰੇਜ਼ ਲਿਖਾਰੀ ਦਾ ਉਲਾਂਭਾ ਲਾਹੁਣ ਲਈ ਸਾਨੂੰ ਚਾਹੀਦਾ ਹੈ ਕਿ ਗੁਰਬਾਣੀ ਅਨੁਸਾਰ ਜੀਵਨ ਜਿਊਣਾ ਅਰੰਭ ਕਰੀਏ ਅਤੇ ਗੁਰਬਾਣੀ ਦੇ ਸਰਬੱਤ ਦੇ ਭਲੇ ਦੇ ਸੁਨੇਹੇ ਨੂੰ ਸਮੁੱਚੀ ਲੁਕਾਈ ਤੱਕ ਪਹੁੰਚਾਉਣ ਲਈ ਇੱਕਜੁਟ ਹੋ ਕੇ ਵਿਉਂਤਬੰਦੀ ਨਾਲ ਕਾਰਜਸ਼ੀਲ ਹੋਈਏ।

ਆਤਮ ਪਰਗਾਸ ਟੀਮ ਦਾ ਇਹ ਉਪਰਾਲਾ ਇਸੇ ਲੜੀ ਵਿੱਚ ਇੱਕ ਯਤਨ ਹੈ।ਅਸੀਂ ਆਸ ਅਤੇ ਅਰਦਾਸ ਕਰਦੇ ਹਾਂ ਕਿ ਤੁਸੀਂ ਵੀ ਇਸ

ਮਹਾਨ ਸੇਵਾ ਵਿੱਚ ਯੋਗਦਾਨ ਪਾਉਣ ਲਈ ਆਪੋ-ਆਪਣੀ ਤਿਆਰੀ ਵਿੱਚ ਜੁੱਟ ਜਾਉਗੇ।ਵੱਧ ਤੋਂ ਵੱਧ ਗਿਆਨ ਹਾਸਲ ਕਰੋਗੇ, ਸਮੁੱਚੀ ਲੁਕਾਈ ਵਿੱਚ ਪਰਮਾਤਮਾ ਦੇ ਦਰਸ਼ਨਾਂ ਦਾ ਅਭਿਆਸ ਕਰੋਗੇ, ਸਚਿਆਰ ਮਨੁੱਖ ਵਜੋਂ ਵਿਕਸਿਤ ਹੋਵੋਗੇ, ਪੜ੍ਹ ਲਿਖ ਕੇ ਉੱਚੇ ਅਹੁਦਿਆਂ ਤੇ ਪਹੁੰਚੋਗੇ ਅਤੇ ਗੁਰੂ ਜੀ ਦੇ ਸਿਧਾਂਤਾਂ ਤੋਂ ਲੁਕਾਈ ਨੂੰ ਜਾਣੂ ਕਰਵਾਉਗੇ।

## ਆਓ ਸ਼ੁਰੂ ਕਰੀਏ ਸ਼ਹੀਦੀ ਹਫ਼ਤੇ ਤੋਂ ਉਪਰੰਤ ਦਾ ਇਤਿਹਾਸ:

### ਇੱਕ ਪਾਸੇ

ਜਿਸ ਕੰਧ ਵਿੱਚ ਸਾਹਿਬਜ਼ਾਦਿਆਂ ਨੂੰ ਚਿਣ ਕੇ ਸ਼ਹੀਦ ਕੀਤਾ ਗਿਆ ਸੀ, ਸੂਬਾ ਸਰਹਿੰਦ ਵਜ਼ੀਰ ਖਾਨ ਨੇ ਉਸ ਕੰਧ ਨੂੰ ਲੋਕਾਂ ਵਿੱਚ ਦਹਿਸ਼ਤ ਫੈਲਾਉਣ ਲਈ ਉਸੇ ਤਰ੍ਹਾਂ ਛੱਡ ਦਿੱਤਾ।ਪਰ ਲੋਕ ਉਸ ਕੰਧ ਦੇ ਸ਼ਰਧਾਲੂ ਹੋ ਗਏ।

### ਦੂਜੇ ਪਾਸੇ

ਮਾਛੀਵਾੜੇ ਦੇ ਜੰਗਲ ਵਿੱਚ ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ ਅਤੇ ਭਾਈ ਮਾਨ ਸਿੰਘ ਜੀ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨਾਲ ਮਿਲਾਪ ਉਪਰੰਤ ਆਪ ਜੀ ਵੱਖ-ਵੱਖ ਪਿੰਡਾਂ ਤੋਂ ਹੁੰਦੇ ਹੋਏ ਦੀਨਾ ਪਿੰਡ ਵਿੱਚ ਪਹੁੰਚੇ।ਇੱਥੋਂ ਹੀ ਗੁਰੂ ਜੀ ਨੇ ਜ਼ਾਲਮ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੂੰ ਜ਼ਫ਼ਰਨਾਮਾ (ਜਿੱਤ ਦੀ ਚਿੱਠੀ) ਲਿਖ ਕੇ ਭੇਜਿਆ।ਇਸ ਵਿਚ ਗੁਰੂ ਜੀ ਨੇ ਔਰੰਗਜ਼ੇਬ ਵੱਲੋਂ ਖਾਧੀਆਂ ਝੂਠੀਆਂ

ਕਸਮਾਂ, ਉਸਦਾ ਉਨ੍ਹਾਂ ਕਸਮਾਂ ਤੋਂ ਮੁਕਰਨਾ, ਬਾਦਸ਼ਾਹਾਂ ਦੇ ਫ਼ਰਜ਼, ਗੁਰੂ ਜੀ ਦਾ ਪਰਮਾਤਮਾ ਦੀ ਸ਼ਕਤੀ ਉੱਤੇ ਭਰੋਸਾ ਆਦਿ ਦਾ ਜ਼ਿਕਰ ਕਰਦੇ ਹੋਏ ਉਸ ਦੀ ਰੂਹ ਨੂੰ ਝੰਜੋੜਿਆ। ਗੁਰੂ ਜੀ ਨੇ ਔਰੰਗਜ਼ੇਬ ਨੂੰ ਕਿਹਾ ਕਿ ਕੀ ਹੋਇਆ ਜੇ ਤੂੰ ਮੇਰੇ ਚਾਰ ਬੱਚੇ ਸ਼ਹੀਦ ਕਰ ਦਿੱਤੇ ਹਨ ਮੇਰਾ ਕੁੰਡਲੀਦਾਰ ਖ਼ਾਲਸਾ ਅਜੇ ਜਿਉਂਦਾ ਹੈ। ਗੁਰੂ ਜੀ ਦੇ ਇਸ ਖ਼ਤ ਨੇ ਔਰੰਗਜ਼ੇਬ ਦੀ ਰੂਹ ਉੱਤੇ ਇੱਕ ਤਿੱਖੇ ਵਾਰ ਦਾ ਕੰਮ ਕੀਤਾ। ਉਸ ਨੂੰ ਆਪਣੇ ਕੀਤੇ ਪਾਪਾਂ ਦਾ ਬਹੁਤ ਪਛਤਾਵਾ ਮਹਿਸੂਸ ਹੋਇਆ। ਅੰਤ ਉਹ ਆਪਣੇ ਪਾਪਾਂ ਦੇ ਬੋਝ ਨਾਲ ਦਮ ਤੋੜ ਗਿਆ।

ਇਸ ਉਪਰੰਤ ਗੁਰੂ ਜੀ ਦਾ ਸਾਹਮਣਾ ਨਵਾਬ ਵਜ਼ੀਰ ਖਾਨ ਦੀਆਂ ਫ਼ੌਜਾਂ ਨਾਲ ਹੋਇਆ, ਜਿਸ ਨੂੰ ਮੁਕਤਸਰ ਦੀ ਜੰਗ ਕਿਹਾ ਜਾਂਦਾ ਹੈ। ਸ੍ਰੀ ਅਨੰਦਪੁਰ ਸਾਹਿਬ ਦੇ ਕਿਲ੍ਹੇ ਦੀ ਘੇਰਾਬੰਦੀ ਦੌਰਾਨ ਕੁਝ ਸਿੰਘ ਗੁਰੂ ਜੀ ਨੂੰ ਬੇਦਾਵਾ ਲਿਖ ਕੇ ਦੇ ਗਏ ਸਨ। ਮਾਈ ਭਾਗ ਕੌਰ ਜੀ ਇਨ੍ਹਾਂ ਸਿੰਘਾਂ ਨੂੰ ਪ੍ਰੇਰਿਆ ਅਤੇ ਉਨ੍ਹਾਂ ਦੀ ਗਲਤੀ ਦਾ ਅਹਿਸਾਸ ਕਰਵਾ ਕੇ ਆਪਣੀ ਅਗਵਾਈ ਵਿੱਚ ਗੁਰੂ ਸਾਹਿਬ ਜੀ ਦੀ ਸ਼ਰਨ ਵਿੱਚ ਲੈ ਆਏ। ਇਨ੍ਹਾਂ ਸਾਰੇ ਸਿੰਘਾਂ ਨੇ ਮੁਕਤਸਰ ਦੀ ਜੰਗ ਵਿੱਚ ਬਹਾਦਰੀ ਨਾਲ ਲੜਦਿਆਂ ਸ਼ਹੀਦੀਆਂ ਪ੍ਰਾਪਤ ਕੀਤੀਆਂ। ਅਖੀਰ ਵਿੱਚ ਮੁਗਲ ਫ਼ੌਜਾਂ ਨੂੰ ਮੈਦਾਨ ਵਿੱਚੋਂ ਨੱਸਣਾ ਪਿਆ। ਭਾਈ ਮਹਾਂ ਸਿੰਘ ਜੀ ਦੀ ਬੇਨਤੀ ਤੇ ਗੁਰੂ ਜੀ ਨੇ ਬੇਦਾਵਾ ਪਾੜ ਦਿੱਤਾ ਅਤੇ ਇਨ੍ਹਾਂ ਸਿੰਘਾਂ ਨੂੰ ਚਾਲੀ ਮੁਕਤਿਆਂ ਦਾ ਖ਼ਿਤਾਬ ਦਿੱਤਾ।

ਮੁਕਤਸਰ ਦੀ ਜੰਗ ਤੋਂ ਬਾਅਦ ਗੁਰੂ ਜੀ ਨੇ ਮਾਲਵੇ ਦੇ ਪਿੰਡਾਂ ਦੇ ਪ੍ਰਚਾਰ ਦੌਰੇ ਕੀਤੇ। ਆਪ ਜੀ ਨੇ ਅਨੇਕਾਂ ਪ੍ਰਾਣੀਆਂ ਨੂੰ ਅੰਮ੍ਰਿਤ ਦੀ ਦਾਤ

ਬਖ਼ਸ਼ਸ਼ ਕੀਤੀ।ਗੁਰੂ ਜੀ ਕੁਝ ਸਮਾਂ ਸਾਬੋ ਕੀ ਤਲਵੰਡੀ ਠਹਿਰੇ ਜਿੱਥੇ ਆਪ ਜੀ ਨੇ, ਭਾਈ ਮਨੀ ਸਿੰਘ ਜੀ ਪਾਸੋਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ, ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਰਜ ਕਰਵਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੰਪੂਰਨ ਕੀਤਾ।ਸਾਬੋ ਕੀ ਤਲਵੰਡੀ ਤੋਂ ਚੱਲ ਕੇ ਗੁਰੂ ਜੀ ਵੱਖ-ਵੱਖ ਪਿੰਡਾਂ ਰਾਹੀਂ ਹੁੰਦੇ ਹੋਏ ਦੱਖਣ ਵਿੱਚ ਨੰਦੇੜ, ਮਹਾਰਾਸ਼ਟਰ ਪਹੁੰਚ ਗਏ।ਉੱਥੇ ਜਾ ਕੇ ਉਨ੍ਹਾਂ ਨੇ ਮਾਧੋ ਦਾਸ ਵੈਰਾਗੀ ਨੂੰ ਅੰਮ੍ਰਿਤ ਦੀ ਦਾਤ ਬਖਸ਼ ਕੇ ਸਿੰਘ ਸਜਾਇਆ (ਜੋ ਕਿ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਨਾਂ ਨਾਲ ਪ੍ਰਸਿੱਧ ਹੋਏ) ਅਤੇ ਪੰਜਾਬ ਵੱਲ ਮਜ਼ਲੂਮਾਂ ਅਤੇ ਗਰੀਬਾਂ ਦੀ ਰੱਖਿਆ ਕਰਨ ਲਈ ਭੇਜ ਦਿੱਤਾ।ਅੱਜ ਦੇ ਇਤਿਹਾਸ ਨੂੰ ਦਰਸਾਉਂਦਾ ਵੀਡੀਓ **ਆਤਮ ਪਰਗਾਸ ਫੇਸਬੁੱਕ ਪੇਜ** ਤੇ ਦੇਖੋ ਜੀ।

**ਚਲਦਾ...**

ਆਤਮ ਪਰਗਾਸ ਵੱਲੋਂ 'ਸਚਿਆਰ ਮਨੁੱਖਾਂ' ਦੀ ਘਾੜਤ ਲਈ ਰੋਜ਼ਾਨਾ ਵਿਸ਼ੇਸ਼ ਸਬਕ ਸਾਂਝੇ ਕੀਤੇ ਜਾਂਦੇ ਹਨ।ਸਮਾਜ ਵਿੱਚ ਸਮੇਂ ਦੀ ਕਦਰ ਦੀ ਰੁਚੀ ਪ੍ਰਬਲ ਕਰਨ ਲਈ ਵਿਦਿਆਰਥੀਆਂ ਨੂੰ ਨਵੇਕਲੀ ਸਮਾਂ-ਸਾਰਨੀ ਅਮਲ ਵਿੱਚ ਲਿਆਉਣ ਦੀ ਸਿਖਲਾਈ ਦੇਣ ਦੇ ਨਾਲ-ਨਾਲ ਉਨ੍ਹਾਂ ਦੇ ਸਰਬਪੱਖੀ ਵਿਕਾਸ ਲਈ ਵਿਦਵਾਨਾਂ ਦੀ ਉਚੇਚੀ ਟੀਮ ਸੇਵਾਵਾਂ ਪ੍ਰਦਾਨ ਕਰਦੀ ਹੈ।ਸੂਝਵਾਨ ਮਾਪੇ ਅਤੇ ਅਧਿਆਪਕ ਇਨ੍ਹਾਂ ਸੇਵਾਵਾਂ ਦਾ ਲਾਹਾ ਲੈ ਸਕਦੇ ਹੋ।

**ਆਤਮ ਪਰਗਾਸ ਸੋਸ਼ਲ ਵੈਲਫ਼ੇਅਰ ਕੌਂਸਲ**

**99, ਪ੍ਰੀਤ ਵਿਹਾਰ, ਪੱਖੋਵਾਲ ਰੋਡ, ਲੁਧਿਆਣਾ - 142022**

+91 82880-10531 / 32 www.atampargas.org

Like Facebook Page Subscribe YouTube Channel